# ਤੱਥਨਾਮਾ: ਸ੍ਰੋਤ ਪਤਾ ਲਾਉਣ ਦੀ ਕਾਬਲੀਅਤ

## ਕਨੇਡਾ-ਵਾਸੀਆਂ ਲਈ ਸੁਰੱਖਿਅਤ ਭੋਜਨ ਸੰਬੰਧੀ ਨਿਯਮ

ਸ੍ਰੋਤ ਪਤਾ ਲਾਉਣ ਦੀ ਕਾਬਲੀਅਤ ਕਿਸੇ ਭੋਜਨ ਜਾਂ ਭੋਜਨ ਦੀ ਕਿਸੇ ਜਿਨਸ ਦੀ ਗਤੀਵਿਧੀ ਦੇ ਪਿਛਲੇ ਅਤੇ ਅਗਲੇ ਇੱਕ ਕਦਮ ਦਾ ਪਤਾ ਲਗਾਉਣ ਦਾ ਤਰੀਕਾ ਹੈ।

ਕਨੇਡਾ-ਵਾਸੀਆਂ ਲਈ ਸੁਰੱਖਿਅਤ ਭੋਜਨ ਸੰਬੰਧੀ ਨਿਯਮਾਂ (ਐੱਸ.ਐੱਫ.ਸੀ.ਆਰ.) [Safe Food for Canadians Regulations (SFCR)] ਤਹਿਤ ਸ੍ਰੋਤ ਪਤਾ ਲਾਉਣ ਦੀ ਯੋਗਤਾ ਦੀਆਂ ਸ਼ਰਤਾਂ ਅਜਿਹੇ ਬਹੁਤੇ ਕਾਰੋਬਾਰਾਂ ’ਤੇ ਲਾਗੂ ਹੁੰਦੀਆਂ ਹਨ ਜਿਹੜੇ:

- ਭੋਜਨ ਦਰਾਮਦ ਕਰਦੇ ਹਨ
- ਭੋਜਨ ਬਰਾਮਦ ਕਰਦੇ ਹਨ
- ਸੂਬਾਈ ਜਾਂ ਟੈਰੀਟੋਰੀਅਲ ਸਰਹੱਦਾਂ ਤੋਂ ਪਾਰ ਭੋਜਨ ਪਦਾਰਥ ਵਿਤਰਣ ਕਰਦੇ ਜਾਂ ਭੇਜਦੇ ਹਨ
- ਬਰਾਮਦ ਕਰਨ ਜਾਂ ਸੂਬਾਈ ਜਾਂ ਟੈਰੀਟੋਰੀਅਲ ਸਰਹੱਦਾਂ ਤੋਂ ਪਾਰ ਭੇਜਣ ਲਈ ਭੋਜਨ ਤਿਆਰ, ਪ੍ਰਾਸੈੱਸ, ਪ੍ਰਬੰਧਨ, ਪ੍ਰੀਜ਼ਰਵ, ਦਰਜਾਬੰਦੀ, ਸੰਭਾਲ, ਪੈਕ ਜਾਂ ਲੇਬਲ ਕਰਦੇ ਹਨ
- ਬਰਾਮਦ ਕਰਨ ਜਾਂ ਸੂਬਾਈ ਜਾਂ ਟੈਰੀਟੋਰੀਅਲ ਸਰਹੱਦਾਂ ਤੋਂ ਪਾਰ ਭੇਜਣ ਲਈ ਤਾਜ਼ੇ ਫਲ ਅਤੇ ਸਬਜ਼ੀਆਂ ਉਗਾਉਂਦੇ ਅਤੇ ਇਨ੍ਹਾਂ ਦੀ ਫਸਲ ਲੈਂਦੇ ਹਨ
- ਖਾਧੇ ਜਾ ਸਕਣ ਵਾਲੇ ਅਜਿਹੇ ਪਸ਼ੂਆਂ ਨੂੰ ਝਟਕਾਉਂਦੇ ਹਨ ਜਿਨ੍ਹਾਂ ਤੋਂ ਮਿਲਣ ਵਾਲੇ ਮਾਸ-ਪਦਾਰਥ ਬਰਾਮਦ ਕੀਤੇ ਜਾਂ ਸੂਬਾਈ ਜਾਂ ਟੈਰੀਟੋਰੀਅਲ ਸਰਹੱਦਾਂ ਤੋਂ ਪਾਰ ਭੇਜੇ ਜਾਂਦੇ ਹਨ।
- ਖਾਧੇ ਜਾ ਸਕਣ ਵਾਲੇ ਮੀਟ ਉਤਪਾਦਾਂ ਨੂੰ ਉਨ੍ਹਾਂ ਦੀ ਦਰਾਮਦ ਕੀਤੇ ਜਾਣ ਦੀ ਹਾਲਤ ਵਿੱਚ ਸੰਭਾਲਦੇ ਹਨ ਤਾਂ ਜੋ ਭੋਜਨ ਦਾ ਮੁਆਇਨਾ ਕਰਨ ਵਾਲਾ ਕਨੇਡਾ ਦਾ ਅਦਾਰਾ ਸੀ.ਐੱਫ.ਆਈ.ਏ. [Canadian Food Inspection Agency (CFIA)] ਇਨ੍ਹਾਂ ਦਾ ਮੁਆਇਨਾ ਕਰ ਸਕੇ।
- ਖਪਤਕਾਰਾਂ ਨੂੰ ਭੋਜਨ ਪਰਚੂਨ ਵਿੱਚ ਵੇਚਦੇ ਹਨ, ਜਿਸ ਲਈ ਭੋਜਨ ਗਤੀਵਿਧੀ ਦੇ ਇੱਕ ਪਿਛਲੇ ਕਦਮ ਦਾ ਪਤਾ ਲਗਾਉਣ ਦੀ ਲੋੜ ਹੋਏਗੀ, ਪਰ ਉਪਭੋਗਤਾ ਨੂੰ ਪਰਦਾਨ ਕੀਤੇ ਜਾਣ ਵਾਲੇ ਅਗਲੇ ਕਦਮ ਦੀ ਲੋੜ ਨਹੀਂ ਹੋਵੇਗੀ।

ਸ੍ਰੋਤ ਪਤਾ ਲਾਉਣ ਦੀ ਯੋਗਤਾ ਦੀਆਂ ਸ਼ਰਤਾਂ ਰੇਸਟੋਰੈਂਟਾਂ ਅਤੇ ਇਸ ਤਰ੍ਹਾਂ ਦੇ ਹੋਰ ਕਾਰੋਬਾਰਾਂ ’ਤੇ ਲਾਗੂ ਨਹੀਂ ਹੁੰਦੀਆਂ।

ਸ੍ਰੋਤ ਪਤਾ ਲਾਉਣ ਦੀ ਯੋਗਤਾ ਦਾ ਸਜੀਵ ਸਾਧਨ ਵਰਤਦਿਆਂ ਪਤਾ ਲਾਉ ਕਿ ਤੁਹਾਡੇ ’ਤੇ ਸ੍ਰੋਤ ਪਤਾ ਲਾਉਣ ਦੀਆਂ ਕਿਹੜੀਆਂ ਸ਼ਰਤਾਂ ਲਾਗੂ ਹੁੰਦੀਆਂ ਹਨ। ਇਸ ਨੂੰ ਸਿਰਫ 5 ਮਿੰਟ ਲੱਗਣਗੇ।

### ਕਾਰਵਾਈ ਕਿਵੇਂ ਹੁੰਦੀ ਹੈ?

ਸ੍ਰੋਤ ਪਤਾ ਲਾਉਣ ਦੀ ਯੋਗਤਾ ਦੇ ਦਸਤਾਵੇਜ ਲਾਜ਼ਮੀ ਤੌਰ ’ਤੇ:

- **ਭੋਜਨ ਦੀ ਸ਼ਨਾਖਤ ਕਰਨਗੇ:** ਭੋਜਨ ਦਾ ਸਾਧਾਰਨ ਨਾਮ, ਬਣਾਉਣ, ਤਿਆਰ ਕਰਨ, ਨਿਰਮਾਣ ਕਰਨ, ਸਟੋਰ ਕਰਨ, ਪੈਕ ਕਰਨ ਜਾਂ ਲੇਬਲ ਲਾਉਣ ਵਾਲ਼ੇ ਵਿਅਕਤੀ ਦਾ ਨਾਮ ਅਤੇ ਪਤਾ, ਲੌਟ ਕੋਡ [Footnote1] ਜਾਂ ਸ਼ਨਾਖਤ ਦਾ ਕੋਈ ਹੋਰ ਖਾਸ ਚਿੰਨ੍ਹ [Footnote2] ਜਿਸ ਨਾਲ ਭੋਜਨ ਦਾ ਪਤਾ ਲੱਗ ਸਕੇ।
- **ਭੋਜਨ ਦੀ ਗਤੀਵਿਧੀ ਦੇ ਇੱਕ ਕਦਮ ਪਿੱਛੇ** ਉਸ ਵਿਅਕਤੀ ਦਾ ਪਤਾ ਲਾਉਣਗੇ ਜਿਸਨੇ ਤੁਹਾਨੂੰ ਭੋਜਨ ਪ੍ਰਦਾਨ ਕੀਤਾ, ਸਮੇਤ ਉਸ ਤਾਰੀਖ ਦੇ ਜਦੋਂ ਤੁਹਾਨੂੰ ਭੋਜਨ ਪ੍ਰਦਾਨ ਕੀਤਾ ਗਿਆ ਸੀ
- **ਭੋਜਨ ਦੀ ਗਤੀਵਿਧੀ ਦੇ ਇੱਕ ਕਦਮ ਅੱਗੇ** ਜਾ ਕੇ ਉਸ ਵਿਅਕਤੀ ਦਾ ਪਤਾ ਲਗਾਉਣਗੇ ਜਿਸਨੂੰ ਤੁਸੀਂ ਭੋਜਨ ਪ੍ਰਦਾਨ ਕੀਤਾ ਸੀ, ਸਮੇਤ ਉਸ ਤਾਰੀਖ ਦੇ ਜਦੋਂ ਤੁਸੀਂ ਭੋਜਨ ਪ੍ਰਦਾਨ ਕੀਤਾ ਸੀ

- ਜੇ ਲਾਗੂ ਹੋਵੇ, ਤਾਂ ਭੋਜਨ ਗਤੀਵਿਧੀ ਵਿੱਚ ਉਨ੍ਹਾਂ ਸਮੱਗਰੀਆਂ ਪਤਾ ਲਗਾਉਣਗੇ ਜਿਨ੍ਹਾਂ ਦਾ ਇਸਤੇਮਾਲ ਤੁਸੀਂ ਭੋਜਨ ਬਣਾਉਣ ਲਈ ਕੀਤਾ, ਉਸ ਤਾਰੀਖ ਸਮੇਤ ਜਦੋਂ ਇਹ ਤੁਹਾਨੂੰ ਪ੍ਰਦਾਨ ਕੀਤੀਆਂ ਗਈਆਂ ਸਨ
- ਜੇ ਲਾਗੂ ਹੋਵੇ, ਤਾਂ ਪਿਛਲੇ ਕਦਮਾਂ ਵਿੱਚ ਤੁਹਾਡੇ ਵੱਲੋਂ ਝਟਕਾਏ ਜਾਣ ਵਾਲੇ ਪਸ਼ੂਆਂ ਦੀ ਸ਼ਨਾਖਤ ਕਰਨਗੇ

ਸਾਫ ਅਤੇ ਪੜ੍ਹਣ-ਯੋਗ ਸਾਫ਼ ਅਤੇ ਪੜ੍ਹੇ ਜਾ ਸਕਣ ਵਾਲ਼ੇ ਰਿਕਾਰਡਾਂ ਨੂੰ ਦੋ ਸਾਲਾਂ ਲਈ ਸੰਭਾਲ ਕੇ ਰੱਖਣਾ ਪਵੇਗਾ ਜੋ ਕੈਨੇਡਾ ਵਿੱਚ ਉਪਲਬਧ ਹੋਣ ਅਤੇ ਮੰਗੇ ਜਾਣ 'ਤੇ ਸੀ.ਐੱਫ.ਆਈ.ਏ. ਨੂੰ ਦਿੱਤੇ ਜਾ ਸਕਣ। ਜਦੋਂ ਇਲੈਕਟ੍ਰੋਨਿਕ ਰਿਕਾਰਡਾਂ ਦਾ ਇਸਤੇਮਾਲ ਕੀਤਾ ਜਾਵੇ, ਤਾਂ ਇਨ੍ਹਾਂ ਨੂੰ ਇੱਕ ਹੀ ਫਾਈਲ ਅਤੇ ਅਜਿਹੇ ਫਾਰਮੇਟ ਵਿੱਚ ਪੇਸ਼ ਕਰਨਾ ਪਵੇਗਾ ਜੋ ਸੁਖਾਲਾ ਖੁੱਲ੍ਹੇ ਅਤੇ ਸਾਧਾਰਨ ਵਪਾਰਕ ਸਾਫਟਵੇਅਰ ਵਿੱਚ ਵਰਤਿਆ ਜਾ ਸਕੇ।

## ਇਹ ਅਹਿਮ ਕਿਉਂ ਹੈ

ਭਾਵੇਂ ਕਨੇਡਾ ਵਿੱਚ ਅਨੇਕਾਂ ਕਾਰੋਬਾਰਾਂ ਨੇ ਸ੍ਰੋਤ ਪਤਾ ਲਾਉਣ ਦੀ ਯੋਗਤਾ ਲਾਗੂ ਕੀਤੀ ਹੋਈ ਹੈ, ਕਈਆਂ ਨੇ ਇਹ ਨਹੀਂ ਵੀ ਕੀਤੀ। ਇਸ ਦਾ ਭੋਜਨ ਸੁਰੱਖਿਆ ਦੀਆਂ ਤਫਤੀਸ਼ਾਂ ਅਤੇ ਭੋਜਨ ਵਾਪਸ ਮੰਗਵਾਏ ਜਾਣ ਦੀ ਅਸਰਦਾਇਕਤਾ ਅਤੇ ਸਮਾਂ-ਬੱਧਤਾ 'ਤੇ ਅਸਰ ਪੈ ਸਕਦਾ ਹੈ।

ਜਿਹੜੇ ਕਾਰੋਬਾਰ ਉਨ੍ਹਾਂ ਨੂੰ ਸਪਲਾਈ ਕੀਤੇ ਗਏ ਹਰ ਭੋਜਨ ਉਤਪਾਦ ਦੇ ਸਰੋਤ (ਇੱਕ ਕਦਮ ਪਿੱਛੇ) ਅਤੇ ਇਸਦੀ ਅਗਲੀ ਮੰਜ਼ਿਲ (ਇੱਕ ਕਦਮ ਅੱਗੇ) ਦਾ ਪਤਾ ਲਾ ਕੇ ਰੱਖਣ, ਉਹ ਲੋੜ ਅਨੁਸਾਰ ਸਮੇਂ ਸਿਰ ਅਤੇ ਦਰੁਸਤ ਜਾਣਕਾਰੀ ਵੇਖ ਸਕਦੇ ਹਨ। ਇਸ ਨਾਲ ਉਹ ਅਸੁਰੱਖਿਅਤ ਭੋਜਨ ਉਤਪਾਦਾਂ ਨੂੰ ਬਾਜ਼ਾਰ ਵਿੱਚੋਂ ਹਟਾਉਣ ਲਈ ਲੱਗਣ ਵਾਲਾ ਸਮਾਂ ਕਾਫ਼ੀ ਘਟਾ ਸਕਦੇ ਹਨ। ਇਸ ਨਾਲ ਕੈਨੇਡਾ-ਵਾਸੀਆਂ ਦੀ ਸੁਰੱਖਿਆ ਬਿਹਤਰ ਹੁੰਦੀ ਹੈ ਅਤੇ ਕੈਨੇਡਾ ਦੀ ਭੋਜਨ ਸੁਰੱਖਿਆ ਪ੍ਰਣਾਲੀ ਵਿੱਚ ਵਿਸ਼ਵਾਸ ਵੱਧਦਾ ਹੈ।

ਵਧੇਰੇ ਜਾਣਕਾਰੀ ਲਈ ਵੈੱਬਸਾਈਟ www.inspection.gc.ca/safefood ਵੇਖੋ।

**ਤੁਹਾਡੀ ਹੇਠ ਲਿਖਿਆਂ ਵਿੱਚ ਵੀ ਦਿਲਚਸਪੀ ਹੋ ਸਕਦੀ ਹੈ:**

- ਵਿਡੀਓ: ਕਨੇਡਾ-ਵਾਸੀਆਂ ਲਈ ਸੁਰੱਖਿਅਤ ਭੋਜਨਾ ਸੰਬੰਧੀ ਨਿਯਮਾਂ ਵਾਸਤੇ ਤਿਆਰੀ ਖਿੱਚਣਾ
- ਸ੍ਰੋਤ ਪਤਾ ਲਾਉਣ ਦੀ ਕਾਬਲੀਅਤ ਦਾ ਸਜੀਵ ਸਾਧਨ
- ਕਾਨੂੰਨੀ ਸ਼ਰਤਾਂ: ਸ੍ਰੋਤ ਪਤਾ ਲਾਉਣ ਦੀ ਕਾਬਲੀਅਤ
- ਕਨੇਡਾ-ਵਾਸੀਆਂ ਲਈ ਸੁਰੱਖਿਅਤ ਭੋਜਨਾ ਸੰਬੰਧੀ ਨਿਯਮਾਂ ਨੂੰ ਸਮਝਣਾ: ਭੋਜਨ ਕਾਰੋਬਾਰੀਆਂ ਲਈ ਇੱਕ ਪੁਸਤਕ
- ਸਵਾਲ ਅਤੇ ਜਵਾਬ: ਸ੍ਰੋਤ ਪਤਾ ਲਾਉਣ ਦੀ ਕਾਬਲੀਅਤ
- ਸ਼ੁਰੂਆਤ: ਕਾਰੋਬਾਰਾਂ ਲਈ ਸਾਧਨਾਂ ਦੀ ਕਿੱਟ